12-3 1995

12th March 95

# ਕਲਾ ਦੇ ਝਰੋਖੇ ਤੋਂ

**ਔਰਤਾਂ ਅਤੇ ਸਭਿਆਚਾਰਕ ਪ੍ਰੋਗਰਾਮ**

ਹੁਣ ਇਹ ਮੰਨੀ ਹੋਈ ਗੱਲ ਹੈ ਕਿ ਕੋਈ ਵੀ ਸਭਿਆਚਾਰਕ ਪ੍ਰੋਗਰਾਮ ਸਭਿਆਚਾਰਕ ਨਹੀਂ, ਜੇ ਉਹਦੇ ਵਿਚ ਔਰਤਾਂ ਦੀ ਭਾਗਦਾਰੀ ਨਾ ਹੋਏ। ਲੋਕ ਗਾਇਕੀ ਦੇ ਪ੍ਰਚੱਲਤ ਪ੍ਰੋਗਰਾਮਾਂ ਬਾਰੇ ਹਮੇਸ਼ਾ ਹੀ ਇਹ ਕਿੰਤੂ ਉਠਾਇਆ ਜਾਂਦਾ ਹੈ ਕਿ ਉਨ੍ਹਾਂ ਵਿਚ ਔਰਤਾਂ ਦੀ ਦਰਸ਼ਕਾਂ ਦੇ ਤੌਰ 'ਤੇ ਭਾਗਦਾਰੀ ਨਹੀਂ। ਮਿਸਾਲ ਦਿੱਤੀ ਜਾ ਸਕਦੀ ਹੈ ਕਿ ਜਗੀਰਦਾਰੀ ਸਭਿਆਚਾਰ ਵਿਚ ਮੁਜਰਾ ਕਰਨ ਵਾਲੀਆਂ ਭਾਵੇਂ ਔਰਤਾਂ ਹੀ ਹੁੰਦੀਆਂ ਸਨ ਪਰ ਗਾਉਣ ਵਾਲੀਆਂ ਜਾਂ ਨੱਚਣ ਵਾਲੀਆਂ ਦੀਆਂ ਅਦਾਵਾਂ 'ਤੇ ਵਾਹ ਵਾਹ ਕਰਨ ਵਾਲੇ ਹਮੇਸ਼ਾ ਮਰਦ ਹੀ ਹੁੰਦੇ ਸਨ, ਇਹੋ ਗੱਲ ਹੁਣ ਲੋਕ ਗਾਇਕੀ ਦੇ ਪ੍ਰੋਗਰਾਮਾਂ ਬਾਰੇ ਕਹੀ ਜਾ ਸਕਦੀ ਹੈ ਕਿ ਕਲਾਕਾਰਾਂ ਵਿਚ ਭਾਵੇਂ ਔਰਤਾਂ ਵੀ ਹੁੰਦੀਆਂ ਹਨ ਪਰ ਵਾਹ ਵਾਹ ਕਰ ਵਾਲੇ ਮਰਦ ਹੀ ਹੁੰਦੇ ਹਨ ਤੇ ਉਨ੍ਹਾਂ ਦੀ ਵਾਹ ਵਾਹ ਬਹੁਤ ਵਾਰ ਲੱਚਰਪੁਣੇ ਦੀਆਂ ਹੱਦਾਂ ਛੂੰਹਦੀ ਹੈ। ਇਹ ਆਵਾਜ਼ ਉਠ ਰਹੀ ਹੈ ਕਿ ਮਨਪ੍ਰਚਾਵਾ ਮਰਦਾਂ ਦੀ ਇਜਾਰੇਦਾਰੀ ਨਹੀਂ। ਪਿੰਡਾਂ ਵਿਚ ਹੁਣ ਖੇਡ ਮੇਲੇ ਬੜੇ ਆਮ ਹੋ ਗਏ ਹਨ। ਲੁਧਿਆਣਾ, ਜਲੰਧਰ ਦੇ ਬੱਸ ਅੱਡਿਆਂ 'ਤੇ ਜੇਕਰ ਇਸ਼ਤਿਹਾਰ ਪੜ੍ਹੇ ਜਾਣ ਤਾਂ ਖੇਡ ਮੇਲਿਆਂ ਦੀ ਭਰਮਾਰ ਬਾਰੇ ਪਤਾ ਲਗਦਾ ਹੈ। ਇਹ ਖੇਡ ਮੇਲੇ ਹੁਣ ਸਾਡੇ ਪੇਂਡੂ ਸਭਿਆਚਾਰ ਦਾ ਹਿੱਸਾ ਬਣ ਗਏ ਹਨ। ਪਿੰਡ ਵਿਚ ਜਦੋਂ ਖੇਡ ਮੇਲਾ ਹੁੰਦਾ ਹੈ ਤਾਂ ਪਿੰਡਾਂ ਤੋਂ ਬਾਹਰ ਗਏ ਉਹ ਵਿਅਕਤੀ ਜੋ ਹੁਣ ਸ਼ਹਿਰਾਂ ਵਿਚ ਜਾਂ ਫੌਜ ਵਿਚ ਨੌਕਰੀ ਕਰਦੇ ਹਨ, ਉਹ ਮੇਲੇ ਦੇ ਦਿਨਾਂ 'ਤੇ ਛੁੱਟੀ ਆਉਂਦੇ ਹਨ। ਹਰ ਘਰ ਪ੍ਰਹੁਣੇ ਹੁੰਦੇ ਹਨ। ਰੋਟੀਆਂ ਪਕਾਉਣ ਅਤੇ ਪ੍ਰਹੁਣਚਾਰੀ ਦੀ ਜ਼ਿੰਮੇਵਾਰੀ ਔਰਤਾਂ 'ਤੇ ਹੀ ਪੈਂਦੀ ਹੈ। ਹੁਣ ਇਸ ਗੱਲ ਦਾ ਅਹਿਸਾਸ ਕੀਤਾ ਜਾ ਰਿਹਾ ਹੈ ਕਿ ਖੇਡਾਂ ਵਿਚ ਔਰਤਾਂ ਦੀ ਭਾਗਦਾਰੀ ਹੋਣੀ ਚਾਹੀਦੀ ਹੈ ਤੇ ਮਨਪ੍ਰਚਾਵੇ 'ਤੇ ਵੀ ਉਨ੍ਹਾਂ ਦਾ ਹੱਕ ਹੈ। ਇਸ ਲਈ ਖੇਡਾਂ ਦੀ ਦਰਮਿਆਨੀ ਰਾਤ ਪਿੰਡ ਵਿਚ ਸਭਿਆਚਾਰਕ ਪ੍ਰੋਗਰਾਮ ਕੀਤੇ ਜਾਣ, ਜਿਨ੍ਹਾਂ ਵਿਚ ਪੇਸ਼ਕਾਰੀ ਅਤੇ ਦਰਸ਼ਕਾਂ ਦੇ ਤੌਰ 'ਤੇ ਔਰਤਾਂ ਦੀ ਭਾਗਦਾਰੀ ਹੋਵੇ। ਬਰਨਾਲਾ ਦੇ ਕੋਲ ਪਿੰਡ ਚੀਮਾ ਅਤੇ ਜੋਧਾਂ ਵਿਚ ਇਹੋ ਜਿਹੇ ਪ੍ਰੋਗਰਾਮ ਆਯੋਜਿਤ ਕੀਤੇ ਗਏ ਹਨ। ਗਈ ਰਾਤ ਤਕ ਵੱਡੀ ਗਿਣਤੀ ਵਿਚ ਦਰਸ਼ਕਾਂ ਨੇ ਜਿਨ੍ਹਾਂ ਵਿਚ ਅੱਧੇ ਪਿੰਡ ਦੀਆਂ ਔਰਤਾਂ ਸਨ, ਗੀਤਾਂ, ਨਾਟਕਾਂ ਅਤੇ ਤਰਕਸ਼ੀਲ ਸੁਸਾਇਟੀ ਵਲੋਂ ਟਰਿੱਕਾਂ ਦਾ ਪ੍ਰੋਗਰਾਮ ਵੇਖਿਆ। ਖੇਡ ਮੇਲੇ ਲਈ ਜੋ ਫੰਡ ਇਕੱਠਾ ਕੀਤਾ ਗਿਆ ਇਹਦੇ ਵਿਚੋਂ ਹੀ ਸਭਿਆਚਾਰਕ ਪ੍ਰੋਗਰਾਮ ਦਾ ਪ੍ਰਬੰਧ ਕੀਤਾ ਗਿਆ ਅਤੇ ਇਸ ਪ੍ਰਬੰਧ ਵਿਚ ਪਿੰਡ ਦੇ ਨੌਜਵਾਨ ਅੱਗੇ ਸਨ। ਪਿੰਡਾਂ ਦੇ ਨੌਜਵਾਨਾਂ ਬਾਰੇ ਇਹ ਆਮ ਧਾਰਨਾ ਬਣੀ ਹੋਈ ਹੈ ਕਿ ਉਹ ਨਸ਼ਿਆਂ ਦੇ ਸ਼ਿਕਾਰ ਹੋ ਗਏ ਹਨ। ਕੁਝ ਨੌਜਵਾਨਾਂ ਉਤੇ ਇਹ ਗੱਲ ਲਾਗੂ ਵੀ ਹੁੰਦੀ ਹੈ ਪਰ ਬਹੁਤੇ ਨੌਜਵਾਨ ਹਿੰਮਤ ਅਤੇ ਉਤਸ਼ਾਹ ਵਾਲੇ ਹਨ। ਉਹ ਚੇਤਨ ਹੋ ਕੇ ਪਿੰਡਾਂ ਦੀ ਜ਼ਿੰਦਗੀ ਬਦਲਣ ਲਈ ਉਪਰਾਲੇ ਕਰ ਰਹੇ ਹਨ। ਯੂਨੀਵਰਸਿਟੀਆਂ ਦੇ ਸਮਾਜਿਕ ਵਿਗਿਆਨ ਦੇ ਵਿਦਿਆਰਥੀਆਂ ਲਈ ਜੋ ਪਿੰਡਾਂ ਦੀ ਜ਼ਿੰਦਗੀ ਬਾਰੇ ਖੋਜ ਕਰ ਰਹੇ ਹਨ ਤੇ ਉਸ ਖੋਜ ਦੀ ਬਿਨਾ 'ਤੇ ਥਿਊਰੀਆਂ ਦਾ ਰੂਪ ਦੇ ਰਹੇ ਹਨ, ਉਨ੍ਹਾਂ ਲਈ ਇਹ ਨਵੇਂ ਉਭਰ ਰਹੇ ਸਭਿਆਚਾਰਕ ਵਰਤਾਰੇ ਵੱਲ ਧਿਆਨ ਦੇਣਾ ਜ਼ਰੂਰੀ ਹੈ। ਇਹ ਜਾਣਕਾਰੀ ਪਿੰਡਾਂ ਦੀ ਸਭਿਆਚਾਰਕ ਉਨਤੀ ਲਈ ਠੋਸ ਤਜਵੀਜ਼ਾਂ ਬਣਾਉਣ ਵਿਚ ਸਹਾਈ ਹੋਵੇਗੀ।

**ਸਾਹਿਤ ਅਤੇ ਲੋਕ:** ਅਸਾਮ ਤੋਂ ਰਿਪੋਰਟ ਦੀ ਸ਼ਕਲ ਵਿਚ ਇਕ ਖਬਰ ਪੜ੍ਹਨ ਨੂੰ ਮਿਲੀ ਹੈ। ਅਸਾਮ 'ਚ ਲੇਖਕਾਂ ਦਾ ਇਕ ਟਰਸਟ ਹੈ ਜੋ ਸਾਲ ਦੇ ਇਕ ਦਿਨ ਕਿਸੇ ਨਾ ਕਿਸੇ ਸ਼ਹਿਰ, ਕਸਬੇ ਜਾਂ ਪਿੰਡ ਵਿਚ ਸਾਹਿਤਕਾਰਾਂ ਦਾ ਮੇਲਾ ਆਯੋਜਿਤ ਕਰਦਾ ਹੈ। ਪਹਿਲੇ ਸਾਲ ਦੇ ਮੇਲੇ ਦੇ ਮੌਕੇ ਆਉਣ ਵਾਲੇ ਸਾਲ ਵਿਚ ਹੋਣ ਵਾਲੇ ਵੱਖ ਵੱਖ ਪਾਸਿਆਂ ਵਲੋਂ ਪੇਸ਼ਕਸ਼ ਆਉਂਦੀ ਹੈ ਕਿ ਮੇਲਾ ਉਨ੍ਹਾਂ ਦੇ ਇਲਾਕੇ ਵਿਚ ਹੋਵੇ। ਉਹ ਜ਼ਿੰਮੇਵਾਰੀ ਲੈਣ ਲਈ ਤੱਤਪਰ ਹੁੰਦੇ ਹਨ। ਇਹ ਇਕ ਇਲਾਕੇ ਲਈ ਫ਼ਖਰ ਵਾਲੀ ਗੱਲ ਗਿਣੀ ਜਾਂਦੀ ਹੈ ਕਿ ਮੇਲਾ ਉਨ੍ਹਾਂ ਦੇ ਇਲਾਕੇ ਨੂੰ ਮਿਲਿਆ ਹੈ। ਅਸਾਮ ਦੇ ਸਾਰੇ ਲੇਖਕ ਉਸ ਮੌਕੇ 'ਤੇ ਉਥੇ ਪੁੱਜਦੇ ਹਨ। ਸਾਹਿਤ ਨਾਲ ਸਬੰਧਿਤ ਸਾਰੇ ਮਾਮਲਿਆਂ 'ਤੇ ਵਿਚਾਰ-ਵਟਾਂਦਰਾ ਹੁੰਦਾ ਹੈ। ਸੈਮੀਨਾਰ ਹੁੰਦੇ ਹਨ, ਕਵਿਤਾ ਪਾਠ ਹੁੰਦੇ ਹਨ, ਕਹਾਣੀ ਦਰਬਾਰ ਹੁੰਦੇ ਹਨ, ਨਾਟਕ ਹੁੰਦੇ ਹਨ। ਸਾਲ ਭਰ ਵਿਚ ਜਿਹੜਾ ਨਵਾਂ ਸਾਹਿਤ ਪੁਸਤਕਾਂ ਦੇ ਰੂਪ ਵਿਚ ਆਇਆ ਹੈ, ਉਹਦੇ ਬਾਰੇ ਆਲੋਚਨਾਤਮਕ ਜਾਣਕਾਰੀ ਦਿੱਤੀ ਜਾਂਦੀ ਹੈ। ਪੁਸਤਕਾਂ ਦੀਆਂ ਨੁਮਾਇਸ਼ਾਂ ਲਗਦੀਆਂ ਹਨ। ਸਾਹਿਤਕਾਰਾਂ ਦੇ ਇਸ ਮੇਲੇ ਲਈ ਅਸਾਮ ਦੀਆਂ ਸਾਰੀਆਂ ਸਾਹਿਤਕ ਜਥੇਬੰਦੀਆਂ ਸਹਿਯੋਗ ਦਿੰਦੀਆਂ ਹਨ। ਸਰਕਾਰ ਦੇ ਭਾਸ਼ਾ ਵਿਭਾਗ ਅਤੇ ਸਭਿਆਚਾਰਕ ਵਿਭਾਗ ਵੀ ਯੋਗਦਾਨ ਪਾਂਦੇ ਹਨ। ਇਹ ਦੇਖਿਆ ਜਾਂਦਾ ਹੈ ਕਿ ਇਹ ਮੇਲਾ ਨਿਰੋਲ ਸਾਹਿਤਕ ਮੇਲਾ ਹੀ ਹੋਵੇ। ਇਸ ਵਿਚ ਖਾਹਮਖਾਹ ਦੀ ਸਿਆਸਤ ਜਾਂ ਸਰਕਾਰੀ ਦਖਲ ਨਾ ਹੋਵੇ। ਲੋੜ ਹੈ ਕਿ ਅਸਾਮ ਦੀ ਤਰਜ਼ 'ਤੇ ਪੰਜਾਬ ਵਿਚ ਅਸੀਂ ਇਕ ਦਿਨ ਕਿਸੇ ਪਿੰਡ, ਕਸਬੇ ਜਾਂ ਸ਼ਹਿਰ ਵਿਚ ਇਹ ਮੇਲਾ ਆਯੋਜਿਤ ਕਰੀਏ ਤੇ ਫੇਰ ਪਰੰਪਰਾ ਬਣਾ ਕੇ ਇਸ ਨੂੰ ਹਰ ਸਾਲ ਲਗਾਤਾਰਤਾ ਨਾਲ ਕਾਇਮ ਰੱਖੀਏ। ਕੇਂਦਰੀ ਪੰਜਾਬੀ ਲੇਖਕ ਸਭਾ ਨੇ 25 ਸਤੰਬਰ ਲੇਖਕਾਂ ਦਾ ਦਿਨ ਮਨਾਉਣ ਲਈ ਮਿਥਿਆ ਹੈ। ਉਹ ਇਸ ਦਿਸ਼ਾ ਵਿਚ ਪਹਿਲਕਦਮੀ ਕਰਨ ਦੇ ਯੋਗ ਹੈ। ਸ਼ਰਤ ਇਹ ਹੈ ਕਿ ਸਾਰੀਆਂ ਸਾਹਿਤਕ ਜਥੇਬੰਦੀਆਂ ਦਾ ਸਹਿਯੋਗ ਲਿਆ ਜਾਏ ਤਾਂ ਜੋ ਇਹ ਮੇਲਾ ਸਾਰੇ ਸਾਹਿਤਕਾਰਾਂ ਦਾ ਮੇਲਾ ਹੋ ਨਿਬੜੇ।

**ਸਾਂਝਾ ਸਭਿਆਚਾਰ ਅਤੇ ਗਾਲ੍ਹਾਂ:** ਕੁੜੀਆਂ ਦੇ ਇਕ ਕਾਲਜ ਵਿਚ ਸਭਿਆਚਾਰਕ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਵੱਡੀ ਹਾਜ਼ਰੀ ਵਿਚ ਕੁੜੀਆਂ, ਉਨ੍ਹਾਂ ਦੀਆਂ ਟੀਚਰ ਅਤੇ ਔਰਤਾਂ ਸ਼ਾਮਲ ਸਨ। ਸਭਿਆਚਾਰ ਦੀ ਗੱਲ ਕਰਦੇ ਹੋਏ ਇਸ ਗੱਲ 'ਤੇ ਬੜੀ ਚਰਚਾ ਹੋਈ ਕਿ ਜਿਸ ਬਾਬੇ ਨਾਨਕ ਨੇ ਇਸਤਰੀਆਂ ਦੇ ਹੱਕ ਵਿਚ ਏਨੀਂ ਜ਼ੋਰਦਾਰ ਆਵਾਜ਼ ਉਠਾਈ, ਉਸੇ ਬਾਬੇ ਨਾਨਕ ਦੀ ਧਰਤੀ 'ਤੇ ਇਹ ਵੀ ਸਭਿਆਚਾਰ ਹੈ ਕਿ ਹਰ ਇਕ ਗਾਲ੍ਹ, ਮਾਂ, ਧੀ ਜਾਂ ਭੈਣ ਨਾਲ ਜੁੜਦੀ ਹੈ। ਦੋ ਦੋਸਤ ਵੀ ਆਪਸ ਵਿਚ ਮਿਲਣ 'ਤੇ ਉਹ ਇਕ ਦੂਜੇ ਨੂੰ ਜੱਫੀ ਵਿਚ ਲੈ ਕੇ ਮੂੰਹੋਂ ਇਹੋ ਬੋਲ ਬੋਲਦੇ ਹਨ 'ਆ ਓਏ ਭੈਣ ਦਿਆ......।' ਹਾਜ਼ਰ ਔਰਤਾਂ ਅਤੇ ਕੁੜੀਆਂ ਨੇ ਇਕ ਕਿਸਮ ਦੀ ਸਹੁੰ ਚੁੱਕੀ ਕਿ ਉਹ ਆਪਣੇ ਪੁੱਤਰਾਂ, ਭਰਾਵਾਂ, ਪਤੀਆਂ ਅਤੇ ਪਿਤਾਵਾਂ ਨੂੰ ਇਸ ਬਾਰੇ ਚੇਤਨ ਕਰਨਗੇ ਤਾਂ ਜੋ ਇਹ ਗੈਰ-ਸਭਿਆਚਾਰਕ ਵਾਰਤਾਲਾਪ ਦੀ ਸ਼ੈਲੀ ਖਤਮ ਕੀਤੀ ਜਾ ਸਕੇ। ਇਹ ਮੰਗ ਕੀਤੀ ਗਈ ਕਿ ਨਾਟਕਾਂ ਵਿਚ ਵੀ ਇਹੋ ਜਿਹੀ ਵਾਰਤਾਲਾਪ ਤੋਂ ਗੁਰੇਜ਼ ਕੀਤਾ ਜਾਵੇ ਭਾਵੇਂ ਉਹ ਕਿਸੇ ਪਾਤਰ ਦੀ ਮਾਨਸਿਕਤਾ ਦਾ ਯਥਾਰਥ ਵੀ ਹੋਵੇ। ਇਹ ਚਰਚਾ ਆਪਣੇ ਆਪ ਵਿਚ ਸਭਿਆਚਾਰਕ ਪ੍ਰੋਗਰਾਮ ਦੀ ਪ੍ਰਾਪਤੀ ਕਹੀ ਜਾ ਸਕਦੀ ਹੈ।

**ਗੁਰਸ਼ਰਨ ਸਿੰਘ**